## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

**ਮੀਮੋਨੰ:DySPD (PEDB)/2021/ 104044** **ਮਿਤੀ:25.03.2021**

### ਜਨਤਕ ਸੂਚਨਾ

1.0 ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/2018-1edu6/1508658, ਮਿਤੀ 25.06.2019 ਰਾਹੀਂ ਅਧਿਆਪਕ ਦੀ Teachers Transfer Policy-2019 ਜਾਰੀ ਕੀਤੀ ਗਈ ਸੀ ਅਤੇ ਉਸ ਉਪਰੰਤ ਸਮੇਂ ਸਮੇਂ ਤੇ ਸੋਧਾਂ ਜਾਰੀ ਕੀਤੀਆਂ ਗਈਆਂ ਸਨ।

2.0 ਇਸ ਤੋਂ ਇਲਾਵਾ Punjab ICT Education Society (PICTES) ਅਧੀਨ ਕੰਮ ਕਰ ਰਹੇ ਕੰਪਿਊਟਰ ਫੈਕਲਟੀ ਲਈ ਤਬਾਦਲਾ ਨੀਤੀ ਮੀਮੋ ਨੰ 5/3-ICT-2019/Trans/303800, ਮਿਤੀ 13.09.2019 ਅਤੇ Education Provider, EGS/AIE/STR Volunteers ਲਈ ਤਬਾਦਲਾ ਨੀਤੀ ਮੀਮੋ ਨੰ SSA/HR/Transfer/2020/118750 ਮਿਤੀ 22.05.2020 ਜਾਰੀ ਕੀਤੀ ਗਈ ਸੀ। ਜੋ ਸ਼ੋਧਾਂ ਅਧਿਆਪਕਾਂ ਦੇ ਤਬਾਦਲਿਆਂ ਲਈ ਜਾਰੀ ਕੀਤੀਆਂ ਗਈਆਂ ਹਨ ਉਹ ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਤੇ ਬਦਲੀਆਂ ਲਈ ਲਾਗੂ ਹੋਣਗੀਆਂ।

3.0 ਜੋ ਅਧਿਆਪਕ, ਕੰਪਿਊਟਰ ਫੈਕਲਟੀ ਅਤੇ Education Provider, EGS/AIE/STR Volunteers ਪਾਲਿਸੀ ਅਨੁਸਾਰ ਕਵਰ ਹੁੰਦੇ ਹਨ ਉਨ੍ਹਾਂ ਦੀਆਂ ਸਿੱਖਿਆ ਵਿਭਾਗ ਵੱਲੋਂ ਮਿਤੀ 06.02.2021 ਤੋਂ 07.03.2021 ਤੱਕ ਬਦਲੀਆਂ ਲਈ online ਬੇਨਤੀਆਂ ਜਨਤਕ ਸੂਚਨਾ ਮੀਮੋ ਨੰ DySPD (PEDB)/2021/46954, ਮਿਤੀ 06.02.2021, DySPD (PEDB)/2021/60797, ਮਿਤੀ 16.02.2021 ਅਤੇ DySPD (PEDB)/2021/80467, ਮਿਤੀ 04.03.2021 ਰਾਹੀਂ ਜਾਰੀ ਕਰਕੇ ਮੰਗੀਆਂ ਗਈਆਂ ਸਨ।

4.0 ਪ੍ਰਾਪਤ ਪ੍ਰਤੀ ਬੇਨਤੀਆਂ ਦੇ ਅਧਾਰ ਤੇ ਵੱਖ-ਵੱਖ ਕਾਡਰ ਦੇ ਯੋਗ ਦਰਖਾਸਤਕਰਤਾਵਾਂ ਦੇ ਸਿੱਖਿਆ ਵਿਭਾਗ ਵੱਲੋਂ ਮਿਤੀ 24.03.2021 ਨੂੰ ਆਨ ਲਾਇਨ ਬਦਲੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਅਧਿਆਪਕਾਂ ਦੇ ਬਦਲੀਆਂ ਸਬੰਧੀ ਇਤਰਾਜ ਦੇਣ ਲਈ ਵਿਭਾਗ ਵੱਲੋਂ ਇਤਰਾਜ ਆਨ ਲਾਇਨ ਦੇਣ ਦੀ ਸੁਵਿਧਾ ਮੁਹਇਆ ਕਰਵਾਈ ਗਈ ਹੈ। ਅਧਿਆਪਕ ਆਪਣੇ ਇਤਰਾਜ ਈ-ਪੰਹਾਬ ਸਕੂਲ ਪੋਰਟਲ ਤੇ ਸਟਾਫ ਲਾਗ ਇੰਨ ਅਧੀਨ ਕਰਵਾਏ ਲਿੰਕ "Objection regarding Transfer" ਤੇ ਮਿਤੀ 25.03.2021 ਤੋਂ 26.03.2021 ਤੱਕ ਦਰਜ ਕਰ ਸਕਦੇ ਹਨ।ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਦਲੀ ਦੇ ਕੇਵਲ ਆਨ ਲਾਇਨ ਇਤਰਾਜ ਹੀ ਵਿਚਾਰੇ ਜਾਣਗੇ।

5.0 ਜਿਨ੍ਹਾਂ ਅਧਿਆਪਕ ਦੀ ਬਦਲੀ ਦੇ ਹੁਕਮ ਸਿੱਖਿਆ ਵਿਭਾਗ ਵੱਲੋਂ ਮਿਤੀ 24.03.2021 ਨੂੰ ਜਾਰੀ ਕੀਤੇ ਹਨ ਉਨ੍ਹਾਂ ਵਿੱਚੋਂ ਜੇਕਰ ਕੋਈ ਅਧਿਆਪਕ ਬਦਲੀ ਰੱਦ ਕਰਵਾਉਣਾ ਚਾਹੁੰਦਾ ਹੈ ਤਾਂ ਉਹ ਈ-ਪੰਜਾਬ ਸਕੂਲ ਪੋਰਟਲ ਤੇ ਲਾਗ ਇੰਨ ਕਰਕੇ Transfer Cancellation Link ਤੇ Click ਕਰਕੇ ਬਦਲੀ ਰੱਦ ਕਰਵਾਉਣ ਲਈ ਆਨ ਲਾਇਨ ਆਪਣੀ ਬੇਨਤੀ ਮਿਤੀ 26.03.2021 ਤੱਕ ਦੇ ਸਕਦਾ ਹੈ। ਇੱਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਬਦਲੀ ਰੱਦ ਕਰਵਾਉਣ ਸਬੰਧੀ ਮੁੱਖ ਦਫਤਰ ਵਿਖੇ ਦਸਤੀ ਦਰਖਾਸਤਾਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

6.0 ਇਸ ਤੋਂ ਇਲਾਵਾ ਪਹਿਲੇ ਗੇੜ ਦੀਆਂ ਬਦਲੀਆਂ ਦੌਰਾਨ ਅਯੋਗ ਪਾਏ ਗਏ ਦਰਖਾਸਤਕਰਤਾ ਨੂੰ ਵੀ ਬਦਲੀ ਲਈ ਦਰਖਾਸਤ ਦੇਣ ਦਾ ਇੱਕ ਹੋਰ ਮੌਕਾ ਦਿੱਤਾ ਜਾਂਦਾ ਹੈ, ਅਜਿਹੇ ਪ੍ਰਾਰਥੀ ਬਦਲੀ ਸਬੰਧੀ ਆਪਣੀਆਂ ਦਰਖਾਸਤਾਂ ਅਤੇ ਡਾਟੇ ਵਿੱਚ ਲੋੜੀਂਦਾ ਡਾਟਾ ਦਰੁਸਤ ਕਰਨ ਉਪਰੰਤ ਮਿਤੀ 26.03.2021 ਤੱਕ ਆਪਣੀ ਬੇਨਤੀ ਦੇ ਸਕਦੇ ਹਨ। ਦਰਖਾਸਤਾਂ/ ਡਾਟਾ ਦਰੁਸਤ ਪਾਏ ਜਾਣ ਦੀ ਸੂਰਤ ਵਿੱਚ ਹੀ ਇਨ੍ਹਾਂ ਪ੍ਰਾਰਥੀਆਂ ਨੂੰ ਦੂਜੇ ਗੇੜ ਦੀਆਂ ਬਦਲੀਆਂ ਵਿੱਚ ਵਿਚਾਰਿਆ ਜਾਵੇਗਾ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**